ਨੰ:1/31/91-3ਵਿ.ਪ੍ਰ.2)/ 1/1052389/2025

ਪੰਜਾਬ ਸਰਕਾਰ

ਵਿੱਤ ਵਿਭਾਗ

ਵਿੱਤ ਪ੍ਰਸੋਨਲ-2 ਸ਼ਾਖਾ

ਮਿਤੀ, ਚੰਡੀਗੜ੍ਹ:13.03.2025

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ
ਪੰਜਾਬ ਰਾਜ ਦੇ ਸਾਰੇ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ,
ਸਮੂਹ ਡਵੀਜ਼ਨਾਂ ਦੇ ਕਮਿਸ਼ਨਰ, ਜਿਲ੍ਹਾਂ ਅਤੇ ਸੈਸ਼ਨ ਜੱਜ,
ਸਮੂਹ ਡਿਪਟੀ ਕਮਿਸ਼ਨਰਜ਼ ਅਤੇ ਸੱਬ ਡਵੀਜਨਾਂ ਦੇ ਅਧਿਕਾਰੀ।

ਵਿਸ਼ਾ: 1) ਸਰਕਾਰੀ ਡਿਊਟੀ ਤੋਂ ਲਗਾਤਾਰ ਗੈਰ-ਹਾਜ਼ਰ ਰਹਿਣ ਉਪਰੰਤ ਡਿਊਟੀ ਜੁਆਇੰਨ ਕਰਨ ਸਬੰਧੀ,
2)ਡਿਊਟੀ ਤੋਂ ਗੈਰ ਹਾਜ਼ਰ ਰਹਿਣ ਬਾਰੇ-Deemed Resignation
3)ਗੈਰਹਾਜ਼ਰੀ ਦੇ ਸਮੇਂ ਨੂੰ ਰੈਗੂਲਰਾਈਜ਼ ਕਰਨ ਬਾਰੇ।

ਸ੍ਰੀ ਮਾਨ ਜੀ/ਸ੍ਰੀਮਤੀ ਜੀ,

2. ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1, ਭਾਗ-1 ਦੇ ਰੂਲ 3.25 ਅਤੇ ਵਿੱਤ ਵਿਭਾਗ ਵਲੋਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਨੰ: 2/6/2013-3ਐਫ.ਪੀ2/301729, ਮਿਤੀ 05.09.2014, 2/1/2017-3ਵਿਪ੍ਰ2/189, ਮਿਤੀ 12.05.2017 , 1/31/91-3(2ਵਿ.ਪ੍ਰ.2)/152, ਮਿਤੀ 13.11.2019, 5/2023/3 ਵਿ.ਪ੍ਰ.2 07.02.2023 , ਜਿਸ ਅਨੁਸਾਰ ਗੈਰ ਹਾਜ਼ਰੀ ਦੇ ਕੇਸਾਂ ਵਿਚ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਸਪਸ਼ਟ ਕੀਤਾ ਗਿਆ ਹੈ, ਦੀ ਲਗਾਤਾਰਤਾ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵਿੱਤ

P.T.O

ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਵਿਭਾਗਾਂ ਵਲੋਂ ਗੈਰ ਹਾਜਰ ਰਹਿਣ ਵਾਲੇ ਕਰਮਚਾਰੀਆਂ ਵਿਰੁੱਧ ਉਕਤ ਹਦਾਇਤਾਂ ਅਨੁਸਾਰ ਸਮੇਂ ਸਿਰ ਕਾਰਵਾਈ ਨਹੀ ਕੀਤੀ ਜਾ ਰਹੀ ਹੈ, ਜਦੋਂ ਕਿ ਇਹਨਾ ਹਦਾਇਤਾਂ ਅਨੁਸਾਰ ਗੈਰ ਹਾਜਰ ਰਹਿਣ ਵਾਲੇ ਕਰਮਚਾਰੀਆਂ ਵਿਰੁੱਧ ਵਿਭਾਗ ਵੱਲੋਂ ਤੁਰੰਤ ਬਣਦੀ ਕਾਰਵਾਈ ਕੀਤੀ ਜਾਣੀ ਹੁੰਦੀ ਹੈ। ਇਸ ਤੋਂ ਇਲਾਵਾ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕਈ ਦਫਤਰਾਂ ਵੱਲੋਂ ਗੈਰਹਾਜਰ ਰਹਿਣ ਵਾਲੇ ਕਰਮਚਾਰੀਆਂ ਨੂੰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਤੋਂ ਬਿਨਾ ਆਪਣੇ ਪੱਧਰ ਤੇ ਜੁਆਇੰਨ ਕਰਵਾਉਂਦੇ ਹੋਏ ਉਕਤ ਹਦਾਇਤਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ।

3. ਇਸ ਲਈ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਵਿੱਤ ਵਿਭਾਗ ਦੀ ਗੈਰਹਾਜਰੀ ਦੀ ਕੇਸਾਂ ਵਿੱਚ ਉਕਤ ਦਰਸਾਈਆਂ ਹਦਾਇਤਾਂ ਵਿੱਚ ਦਿੱਤੇ ਹੇਠ ਦਰਸਾਏ ਨਿਰਦੇਸ਼ਾਂ ਦੀ ਇੰਨਬਿਣ ਪਾਲਣਾ ਯਕੀਨੀ ਬਣਾਈ ਜਾਵੇ :

1. ਜੇਕਰ ਕੋਈ ਕਰਮਚਾਰੀ/ ਅਧਿਕਾਰੀ ਬਿਨਾਂ ਪਹਿਲਾਂ ਛੁੱਟੀ ਮੰਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ-ਹਾਜਰ ਰਹਿੰਦਾ ਹੈ ਅਤੇ ਗੈਰ ਹਾਜਰੀ ਦਾ ਸਮਾਂ ਚੱਲਦੇ ਨੂੰ ਇਕ ਸਾਲ ਤੋ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸੇਵਾ ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਵੇਗਾ ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ deemed Resignation ਮੰਨਿਆ ਜਾਵੇਗਾ (ਯੋਗ ਪ੍ਰਣਾਲੀ ਅਪਨਾਉਂਦੇ ਹੋਏ)। ਇਹ ਸਮਾਂ ਮੁਕੰਮਲ ਹੋਣ ਤੇ ਉਸ ਨੂੰ ਸਰਕਾਰੀ ਸੇਵਾ ਵਿੱਚ ਮੁੜ ਜੁਆਇੰਨ ਨਹੀ ਕਰਵਾਇਆ ਜਾਵੇਗਾ। ਸਮਰੱਥ ਅਥਾਰਟੀ ਵੱਲੋਂ ਉਸਨੂੰ ਸਰਕਾਰੀ ਸੇਵਾ ਤੋਂ ਮੁਕਤ ਕਰਨ ਲਈ ਰੂਲਾਂ ਅਨੁਸਾਰ ਕਾਰਵਾਈ ਕਰਦੇ ਹੋਏ ਤੁਰੰਤ ਹੁਕਮ ਪਾਸ ਕੀਤੇ ਜਾਣਗੇ। ਸਬੰਧਤ ਅਥਾਰਟੀ ਵੱਲੋਂ ਸਮੇਂ ਸਿਰ ਬਣਦੀ ਕਾਰਵਾਈ ਨਾ ਕਰਨ ਲਈ ਉਹ ਸਿੱਧੇ ਨਿੱਜੀ ਤੌਰ ਤੇ ਜੁੰਮੇਵਾਰ ਹੋਵੇਗਾ।
2. ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵੱਲੋਂ ਪ੍ਰਵਾਨਤ ਛੁੱਟੀ ਉਪਰੰਤ ਹਾਜ਼ਰੀ ਰਿਪੋਰਟ ਸਮੇਂ ਸਿਰ ਨਹੀਂ ਦਿੱਤੀ ਜਾਂਦੀ ਹੈ ਜਾਂ ਪ੍ਰਵਾਨਿਤ ਛੁੱਟੀ ਤੋਂ ਉਪਰੰਤ ਗੈਰ ਹਾਜ਼ਰ ਰਹਿਣ ਤੋਂ ਬਾਅਦ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕੀਤੀ ਜਾਂਦੀ ਹੈ ਤਾਂ ਅਜਿਹੇ ਕੇਸਾਂ ਵਿੱਚ ਪ੍ਰਬੰਧਕੀ ਵਿਭਾਗ ਅਤੇ ਵਿੱਤ ਵਿਭਾਗ ਦੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਹੀ ਹਾਜ਼ਰੀ ਰਿਪੋਰਟ ਪ੍ਰਵਾਨ ਕੀਤੀ ਜਾ ਸਕੇਗੀ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਪ੍ਰਵਾਨਿਤ ਛੁੱਟੀ ਕੱਟਣ ਉਪਰੰਤ ਜਾਂ ਪ੍ਰਵਾਨਿਤ ਛੁੱਟੀ ਦੇ ਸਮੇਂ ਤੋਂ ਵੱਧ ਸਮੇਂ ਉਪਰੰਤ ਸਬੰਧਤ ਅਧਿਕਾਰੀ/ਕਰਮਚਾਰੀ ਵੱਲੋਂ ਦਿੱਤੀ ਗਈ ਹਾਜ਼ਰੀ ਰਿਪੋਰਟ ਪ੍ਰਾਪਤ ਕਰਨ ਲਈ ਵਿਭਾਗ ਦੇ ਮੁੱਖੀ ਤੋਂ ਹੇਠਾਂ ਕੋਈ ਵੀ ਅਧਿਕਾਰੀ ਸਮਰੱਥ ਅਥਾਰਟੀ ਨਹੀਂ ਹੋਵੇਗਾ।
3. ਜੇਕਰ ਵਿਭਾਗੀ ਮੁੱਖੀ ਵੱਲੋਂ ਜਾਂ ਕਿਸੇ ਹੋਰ ਅਧਿਕਾਰੀ ਵੱਲੋਂ ਅਜਿਹੇ ਅਧਿਕਾਰੀ/ਕਰਮਚਾਰੀ, ਜੋ ਕਿ ਇਸ ਪ੍ਰਵਾਨਿਤ ਛੁੱਟੀ ਦੇ ਸਮੇਂ ਤੋਂ ਵੱਧ ਸਮੇਂ ਤੱਕ ਗੈਰ ਹਾਜ਼ਰ ਰਿਹਾ ਹੋਵੇ, ਦੀ ਹਾਜ਼ਰੀ ਰਿਪੋਰਟ ਅਣਅਧਿਕਾਰਤ ਤੌਰ ਤੇ ਆਪਣੇ ਪੱਧਰ ਤੇ

P.T.O

ਪ੍ਰਵਾਨ ਕੀਤੀ ਜਾਂਦੀ ਹੈ ਜਾਂ ਜਿਸ ਅਧਿਕਾਰੀ ਵੱਲੋਂ ਉਸ ਨੂੰ ਦਫਤਰ ਵਿੱਚ ਹਾਜ਼ਰ ਕਰਵਾਇਆ ਜਾਂਦਾ ਹੈ, ਉਹ ਅਧਿਕਾਰੀ ਅਜਿਹੀ ਕੀਤੀ ਗਈ ਕੁਤਾਹੀ ਲਈ ਨਿੱਜੀ ਤੌਰ ਤੇ ਜਿੰਮੇਵਾਰ ਹੋਵੇਗਾ ਅਤੇ ਡਿਊਟੀ ਜੁਆਇੰਨ ਕਰਨ ਵਾਲੇ ਅਧਿਕਾਰੀ/ਕਰਮਚਾਰੀ ਨੂੰ ਦਿੱਤੀ ਜਾਣ ਵਾਲੀ ਤਨਖਾਹ ਜਾਂ ਹੋਰ ਲਾਭਾਂ ਦੀ ਬਣਦੀ ਵਸੂਲੀ ਸਬੰਧਤ ਅਧਿਕਾਰੀ ਤੋਂ ਕੀਤੀ ਜਾਵੇਗੀ ਅਤੇ ਉਸ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼, 1970, ਅਧੀਨ ਵੱਡੀ ਸਜ਼ਾ ਲਈ ਪ੍ਰਸ਼ਾਸਕੀ ਕਾਰਵਾਈ ਵੀ ਤੁਰੰਤ ਆਰੰਭੀ ਜਾਵੇਗੀ।

4. ਅਣ-ਅਧਿਕਾਰਤ ਤੌਰ ਤੇ ਗੈਰਹਾਜਰ ਅਧਿਕਾਰੀ/ਕਰਮਚਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ **ਨਿਯਮਾਂਵਲੀ (ਸਜਾ ਤੇ ਅਪੀਲ) ਨਿਯਮ 1970 ਅਧੀਨ ਅਨੁਸ਼ਾਸਨੀ ਕਾਰਵਾਈ ਕਰਨ ਉਪਰੰਤ ਪ੍ਰਬੰਧਕੀ ਵਿਭਾਗ ਦੀ ਪੱਧਰ ਤੇ ਗੈਰਹਾਜਰੀ ਦੇ ਸਮੇਂ ਬਾਰੇ ਵੀ ਫੈਸਲਾ ਲਿਆ ਜਾਵੇ ਅਤੇ ਜੇਕਰ ਪ੍ਰਬੰਧਕੀ ਵਿਭਾਗ ਅਨੁਸਾਰ ਗੈਰਹਾਜਰੀ ਦਾ ਕੋਈ ਸਮਾਂ ਡਾਈਜਨਾਨ ਕਰਨ ਦੀ ਤਜਵੀਜ ਹੋਵੇ ਤਾਂ ਉਸ ਸਬੰਧੀ ਸਮੇਂ ਸਿਰ ਵਿੱਤ ਵਿਭਾਗ ਨਾਲ ਰਾਬਤਾ ਕਾਇਮ ਕੀਤਾ ਜਾਵੇ।**

**ਵਿਸ਼ਵਾਸਪਾਤਰ**

(ਅਧੀਨ ਸਕੱਤਰ, ਵਿੱਤ)